# ਜੋਤ ਦਾ ਖਾਣੇ ਵਾਲ਼ਾ ਡੱਬਾ

ਪ੍ਰੀ-ਪ੍ਰਾਇਮਰੀ-2 ਲਈ



ਸਕੂਲ ਸਿੱਖਿਆ ਵਿਭਾਗ, ਪੰਜਾਬ

# ਜੋਤ ਦਾ ਖਾਣੇ ਵਾਲ਼ਾ ਡੱਬਾ


ਲੇਖਕ

ਮਧੁਸੰਧਿਆ ਦਾਸ


ਚਿੱਤਰਕਾਰ

ਇਸਰਾ ਸਫਾਵੀ

ਪਵਨਦੀਪ ਕੌਰ




ਜੋਤ ਨੂੰ ਆਪਣੇ ਖਾਣੇ ਵਾਲਾ ਡੱਬਾ ਬਹੁਤ ਵਧੀਆ ਲੱਗਦਾ ਹੈ। ਖਾਣੇ ਦੇ ਸਮੇਂ ਤੋਂ ਪਹਿਲਾਂ ਹੀ ਉਸਦੇ ਪੇਟ ਵਿੱਚ ਚੂਹੇ ਦੌੜਨ ਲੱਗਦੇ ਹਨ।



ਜੋਤ ਦੇ ਮੰਮੀ ਹਰ ਰੋਜ਼ ਉਸ ਲਈ ਖਾਣਾ ਬਣਾ ਕੇ ਭੇਜਦੇ ਹਨ। ਕਦੇ ਦਾਲ਼-ਰੋਟੀ, ਪੂੜੀ-ਸਬਜ਼ੀ, ਆਲੂ ਪਰੌਂਠਾ, ਕਦੇ ਚੌਲ਼ ਕਦੇ ਦਾਲ-ਸਬਜ਼ੀ।



ਜੋਤ ਆਪਣਾ ਖਾਣੇ ਵਾਲ਼ਾ ਡੱਬਾ ਖੋਲ੍ਹਣ ਤੋਂ ਪਹਿਲਾਂ ਸੁੰਘ ਕੇ ਪਹਿਚਾਣਨ ਦੀ ਖੇਡ ਖੇਡਦੀ ਹੈ। ਉਸ ਨੂੰ ਖਾਣੇ ’ਚੋਂ ਆਉਂਦੀ ਖ਼ੁਸ਼ਬੂ ਵਧੀਆ ਲੱਗਦੀ ਹੈ।

ਜੋਤ ਨੂੰ ਆਪਣਾ ਖਾਣਾ ਆਪਣੇ ਦੋਸਤਾਂ ਨਾਲ਼ ਵੰਡ ਕੇ ਖਾਣਾ ਪਸੰਦ ਹੈ।






ਕੁਝ ਦਿਨ ਪਹਿਲਾਂ, ਜੋਤ ਅਤੇ ਉਸ ਦਾ ਪਰਿਵਾਰ ਦੂਜੇ ਸ਼ਹਿਰ ਰਹਿਣ ਲੱਗੇ।



ਨਵੇਂ ਸ਼ਹਿਰ ਵਿੱਚ

ਜੋਤ ਦਾ ਦਾਖ਼ਲਾ ਨਵੇਂ ਸਕੂਲ ਵਿੱਚ ਹੋਇਆ।



ਨਵੇਂ ਸਕੂਲ ਦੇ ਅਧਿਆਪਕ ਅਤੇ ਬੱਚੇ ਉਸ ਲਈ ਅਣਜਾਣ ਸਨ।

ਇਸ ਨਵੇਂ ਸਕੂਲ ਵਿੱਚ ਉਸਨੂੰ ਆਪਣਾ ਖਾਣਾ ਵੀ ਚੰਗਾ ਨਹੀਂ ਸੀ ਲੱਗਦਾ।
ਕਿਉਂਕਿ ਉਸਦੇ ਦੋਸਤ ਨਹੀਂ ਬਣੇ ਸਨ।








ਇੱਕ ਦਿਨ ਜੋਤ ਦੀ ਕਲਾਸ ਵਿੱਚ ਪੜ੍ਹਦੀ ਗੁਰਲੀਨ ਉਸ ਕੋਲ਼ ਆਈ। ਉਸਨੇ ਜੋਤ ਨੂੰ ਆਪਣਾ ਖਾਣਾ ਖਾਣ ਲਈ ਕਿਹਾ। ਜੋਤ ਨੇ ਆਪਣਾ ਪਰੌਂਠਾ ਗੁਰਲੀਨ ਨੂੰ ਦਿੱਤਾ। ਦੋਵਾਂ ਨੇ ਪੇਟ ਭਰ ਕੇ ਖਾਧਾ।



ਅਗਲੇ ਦਿਨ ਦਿਲਰਾਜ ਨੇ ਜੋਤ ਦੇ ਡੱਬੇ ਵਿੱਚੋਂ ਮਟਰ ਦੀ ਸਬਜ਼ੀ ਖਾਧੀ। ਗੁਰਲੀਨ ਵੀ ਆਪਣਾ ਡੱਬਾ ਲਿਆਈ।

ਜੋਤ ਦੁਬਾਰਾ ਖੁਸ਼ ਰਹਿਣ ਲੱਗੀ। ਉਸਨੂੰ ਆਪਣਾ ਨਵਾਂ ਸਕੂਲ,
ਖਾਣੇ ਦਾ ਸਮਾਂ ਚੰਗਾ ਲੱਗਣ ਲੱਗਿਆ।





# ਕੀ ਤੁਸੀਂ ਦੱਸ ਸਕਦੇ ਹੋ ਕਿ
# ਜੋਤ ਨੂੰ ਆਪਣਾ ਨਵਾਂ ਸਕੂਲ ਪਸੰਦ ਕਿਉਂ ਨਹੀਂ ਸੀ?

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

A Book in Every Child's Hand

Pratham Books is a not-for-profit organization that publishes books in multiple Indian languages to promote reading among children.

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ